ਮੁੱਖ ਮੰਤਰੀ ਨੇ ਦੇਸ਼ ਵਿਚ ਅੰਤਰਰਾਜੀ ਵਪਾਰ ਨੂੰ ਹੋਰ ਪ੍ਰਫੁੱਲਤ ਕਰਨ ਦਾ ਦਿਤਾ ਸੱਦਾ

ਕਿਸਾਨਾਂ ਨੂੰ ਉਪਜ ਦੇ ਲਾਹੇਵੰਦ ਭਾਅ ਤੇ ਲੋਕਾਂ ਨੂੰ ਸਸਤੇ ਭਾਅ 'ਤੇ ਮਿਆਰੀ ਉਤਪਾਦਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਇਹ ਕਦਮ ਜ਼ਰੂਰੀ ਕਰਾਰ

ਚੰਡੀਗੜ੍ਹ, 22 ਅਕਤੂਬਰ (ਭੁੱਲਰ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਉਪਜ ਦੇ ਲਾਹੇਵੰਦ ਭਾਅ ਅਤੇ ਲੋਕਾਂ ਨੂੰ ਸਸਤੇ ਭਾਅ 'ਤੇ ਮਿਆਰੀ ਵਸਤਾਂ ਦੀ

- **ਵੱਖ-ਵੱਖ ਰਾਜਾਂ ਤੋਂ ਆਏ ਮੰਡੀ ਬੋਰਡ ਦੇ ਚੇਅਰਮੈਨ ਤੇ ਐਮ.ਡੀਜ਼ ਨਾਲ ਕੀਤੀ ਮੀਟਿੰਗ**

ਸਪਲਾਈ ਲਈ ਦੇਸ਼ ਅੰਦਰ ਅੰਤਰਰਾਜੀ ਵਪਾਰ ਨੂੰ ਹੋਰ ਪ੍ਰਫੁੱਲਤ ਕਰਨ ਦੀ ਵਕਾਲਤ ਕੀਤੀ। ਇਥੇ ਪੰਜਾਬ ਭਵਨ ਵਿਖੇ ਵੱਖ-ਵੱਖ ਰਾਜਾਂ ਦੇ ਚੇਅਰਮੈਨਾਂ ਅਤੇ ਮੰਡੀ ਬੋਰਡਾਂ ਦੇ ਪ੍ਰਬੰਧ ਨਿਰਦੇਸ਼ਕਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਸਤਾਂ ਦੀ ਖ਼ਰੀਦੋ-ਫ਼ਰੋਖ਼ਤ ਲਈ ਸਾਂਝਾ ਪਲੇਟਫਾਰਮ ਤਿਆਰ ਕਰਨ ਲਈ ਸਾਰੇ ਸੂਬਿਆਂ ਨੂੰ ਹੱਥ ਮਿਲਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਖਪਤਕਾਰਾਂ ਅਤੇ ਕਿਸਾਨਾਂ ਦੋਵਾਂ ਦੇ ਹਿਤਾਂ ਦੀ ਰਾਖੀ ਕਰਨਾ ਸਮੇਂ ਦੀ ਲੋੜ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਲੋਕਾਂ ਨੂੰ ਮਿਆਰੀ ਉਤਪਾਦਾਂ ਦੀ ਉਪਲਬਧਤਾ ਅਤੇ ਕਿਸਾਨਾਂ ਨੂੰ ਉਪਜ ਦਾ ਲਾਹੇਵੰਦ ਭਾਅ ਯਕੀਨੀ ਬਣੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਮਾਜ ਦੇ ਹਰ ਵਰਗ ਨੂੰ ਇਸ ਕਵਾਇਦ ਤੋਂ ਲਾਭ ਮਿਲੇ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸਮੁੱਚਾ ਵਿਸ਼ਵ ਇਕ ਮੰਡੀ ਵਜੋਂ ਉਭਰਿਆ ਹੈ ਤਾਂ ਪੈਦਾਵਾਰ ਅਤੇ ਮੰਡੀਕਰਨ ਸਬੰਧੀ ਸੂਬਿਆਂ ਵਿਚਕਾਰ ਬੇਲੋੜੇ ਬੰਧੇਜਾਂ ਨੂੰ

ਬਾਕੀ ਸਫ਼ਾ 11 'ਤੇ

ਵੱਖ-ਵੱਖ ਰਾਜਾਂ ਤੋਂ ਆਏ ਮੰਡੀ ਬੋਰਡ ਦੇ ਚੇਅਰਮੈਨ ਤੇ ਐਮ.ਡੀਜ਼ ਨਾਲ ਮੀਟਿੰਗ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ।

ਤਸਕਰ ਹਰਨਾਮ ਸਿੰਘ ਦੀ ਜਾਇਦਾਦ ਕੀਤੀ ਕੁਰਕ

ਫ਼ਿਰੋਜ਼ਪੁਰ, 22 ਅਕਤੂਬਰ (ਪ੍ਰੇਮ ਨਾਥ ਸ਼ਰਮਾ, ਕੌਸ਼ਲ ਗਾਂਧੀ) : ਜ਼ਿਲ੍ਹਾ ਪੁਲਿਸ ਫ਼ਿਰੋਜ਼ਪੁਰ ਵਲੋਂ ਐਨਡੀਪੀਐਸ ਐਕਟ 1985 ਤਹਿਤ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰ ਕੇ ਹਰਨਾਮ ਸਿੰਘ ਪੁੱਤਰ ਪਿਸ਼ਾਵਰ ਸਿੰਘ ਵਾਸੀ ਪੱਲਾ ਮੇਘਾ ਥਾਣਾ ਸਦਰ ਫ਼ਿਰੋਜ਼ਪੁਰ ਜ਼ਿਲ੍ਹਾ ਫ਼ਿਰੋਜ਼ਪੁਰ ਦੀ 41,66,472 ਰੁਪਏ ਦੀ ਗ਼ੈਰ ਕਾਨੂੰਨੀ ਜਾਇਦਾਦ ਕੁਰਕ ਕੀਤੀ ਗਈ ਹੈ, 13 ਨਸ਼ਾ ਤਸਕਰਾਂ ਦੀ ਗ਼ੈਰ ਕਾਨੂੰਨੀ ਜਾਇਦਾਦ ਦੇ ਕੁਰਕੀ ਦੇ ਆਰਡਰ ਕੰਪੀਟੈਂਟ ਅਥਾਰਟੀ ਨਵੀਂ ਦਿੱਲੀ ਕੋਲ ਭੇਜੇ ਜਾ ਚੁੱਕੇ ਹਨ। ਨਸ਼ਿਆ ਵਿਰੁਧ ਕਾਰਵਾਈ ਕਰਦੇ ਹੋਏ 15 ਹੋਰ ਨਸ਼ਾ ਤਸਕਰਾਂ ਦੀ ਪ੍ਰਾਪਰਟੀ ਅਟੈਚ ਕਰਵਾਉਣ ਸਬੰਧੀ ਜਾਬਤੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ।

ਜ਼ਿਲ੍ਹਾ ਪੁਲਿਸ ਫ਼ਿਰੋਜ਼ਪੁਰ ਵਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆ ਦਸਿਆ ਕਿ ਪੰਜਾਬ ਸਰਕਾਰ ਅਤੇ ਡੀਜੀਪੀ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਐਨਡੀਪੀਐਸ ਐਕਟ 1985 ਤਹਿਤ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਪਰ ਪੂਰੀ ਤਰਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਹਿਲੇ ਤਿੰਨ ਹਫ਼ਤਿਆਂ 'ਚ ਝੋਨੇ ਦੀ ਖ਼ਰੀਦ 44 ਲੱਖ ਟਨ ਤਕ ਪਹੁੰਚੀ

7000 ਕਰੋੜ ਤਕ ਦੀ ਅਦਾਇਗੀ ਬੈਂਕ ਖਾਤਿਆਂ ਵਿਚ ਪਾਈ

ਚੰਡੀਗੜ੍ਹ, 22 ਅਕਤੂਬਰ (ਜੀ.ਸੀ. ਭਾਰਦਵਾਜ) : ਪੰਜਾਬ ਦੀ 19 ਮਹੀਨੇ ਪੁਰਾਣੀ 'ਆਪ' ਦੀ ਸਰਕਾਰ ਵਸਤੇ 2 ਕਣਕ ਦੇ ਸੀਜ਼ਨ ਅਤੇ ਇਕ ਝੋਨੇ ਦੀ ਸੀਜ਼ਨ ਦੀ ਸਫ਼ਲ ਖ਼ਰੀਦ ਉਪਰੰਤ ਮੌਜੂਦਾ ਝੋਨੇ ਦੀ 182 ਲੱਖ ਟਨ ਖ਼ਰੀਦ ਦਾ ਟੀਚਾ ਐਤਕੀਂ ਮੌਸਮ ਖ਼ਰਾਬੀ ਅਤੇ ਭਾਰੀ ਬਾਰਸ਼ ਕਾਰਨ ਵੱਡੀ 'ਪਰਖ ਦੀ ਘੜੀ' ਅਤੇ ਰੋਜ਼ਾਨਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਕ ਅਕਤੂਬਰ ਤੋਂ ਸ਼ੁਰੂ ਹੋਈ ਖ਼ਰੀਦ ਪਹਿਲੇ 3 ਹਫ਼ਤਿਆਂ 'ਚ 44 ਲੱਖ ਟਨ ਤਕ ਪਹੁੰਚੀ ਹੈ ਜੋ ਟੀਚੇ ਦਾ 25 ਪ੍ਰਤੀਸ਼ਤ ਬਣਦਾ ਹੈ।

ਰੋਜ਼ਾਨਾ ਸਪੋਕਸਮੈਨ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਅਨਾਜ ਸਪਲਾਈ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਰੋਜ਼ਾਨਾ 5 ਲੱਖ ਟਨ ਤੋਂ ਵੱਧ ਝੋਨਾ ਮੰਡੀਆਂ 'ਚ ਆ ਰਿਹਾ ਹੈ ਅਤੇ ਹੁਣ ਤਕ ਕੁੱਲ 37625.68 ਕਰੋੜ ਦੀ ਕੈਸ਼ ਕ੍ਰੈਡਿਟ ਲਿਮਟ ਮਨਜ਼ੂਰੀ 'ਚੋਂ ਇਸ ਅਕਤੂਬਰ ਮਹੀਨੇ ਵਾਸਤੇ 35765 ਕਰੋੜ ਜਾਰੀ ਹੋਏ ਸਨ, ਜਿਸ ਵੱਡੀ ਰਕਮ 'ਚੋਂ 7000 ਕਰੋੜ ਕਿਸਾਨਾਂ ਤੇ ਆੜ੍ਹਤੀਆਂ ਦੇ ਬੈਂਕ ਖਾਤਿਆਂ 'ਚ ਪਾਈ ਗਈ ਹੈ। ਸੀਨੀਅਰ ਅਧਿਕਾਰੀ ਨੇ ਦਸਿਆ ਕਿ 1882 ਪੱਕੀਆਂ ਮੰਡੀਆਂ ਤੇ 300 ਦੇ ਕਰੀਬ ਆਰਜ਼ੀ ਖ਼ਰੀਦ ਕੇਂਦਰ ਸਥਾਪਤ ਕੀਤੇ ਹਨ।

ਅਧਿਕਾਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨਾ ਸੁਕਾ ਕੇ ਲਿਆਉਣ ਅਤੇ ਤਾੜਨਾ ਵੀ ਕੀਤੀ ਕਿ 17 ਫ਼ੀ ਸਦੀ ਤੋਂ ਵੱਧ ਨਮੀ ਵਾਲਾ ਝੋਨਾ ਨਹੀਂ ਖ਼ਰੀਦਿਆ ਜਾਵੇਗਾ।

ਸੀਨੀਅਰ ਅਧਿਕਾਰੀ ਨੇ ਇਹ ਵੀ ਕਿਹਾ ਕਿ ਪੰਜਾਬ ਦੀਆਂ 4 ਸਰਕਾਰੀ ਏਜੰਸੀਆਂ, ਪਨਗ੍ਰੇਨ-ਪਨਸਪ-ਮਾਰਕਫ਼ੈਡ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਅਤੇ ਕੇਂਦਰੀ ਏਜੰਸੀ ਐਫ਼ਸੀਆਈ ਗੰਭੀਰਤਾ ਨਾਲ ਦਿਨ ਰਾਤ ਖ਼ਰੀਦ 'ਚ ਜੁਟੇ ਹੋਏ ਹਨ। ਉਨ੍ਹਾਂ ਇਹ ਵੀ ਕਿਹਾ ਮੰਡੀਆਂ 'ਚੋਂ ਝੋਨੇ ਦੀ ਲਿਫ਼ਟਿੰਗ ਕਾਫ਼ੀ ਤੇਜੀ ਨਾਲ ਕੀਤੀ ਜਾ ਰਹੀ ਹੈ ਅਤੇ 20 ਲੱਖ ਟਨ ਤੋਂ ਵੱਧ ਝੋਨਾ, ਸ਼ੈਲਰ ਮਾਲਕਾਂ ਕੋਲ ਲਾਇਆ ਚੁੱਕਾ ਹੈ।

- **182 ਲੱਖ ਟਨ ਦੀ ਖ਼ਰੀਦ ਟੀਚੇ 'ਚੋਂ ਸਿਰਫ਼ 25 ਫ਼ੀ ਸਦੀ ਖ਼ਰੀਦ ਹੋਈ, 17 ਫ਼ੀ ਸਦੀ ਨਮੀ ਤੋਂ ਵੱਧ ਝੋਨਾ ਖ਼ਰੀਦ ਨਹੀਂ ਹੋਵੇਗਾ**
- **ਕੁੱਲ 37626 ਕਰੋੜ ਦੀ ਕੈਸ਼ ਲਿਮਟ 'ਚੋਂ ਇਸ ਮਹੀਨੇ 35765 ਕਰੋੜ**

ਇਕ ਨਜ਼ਰ....

ਸਰਹੱਦ 'ਤੇ ਮੁੜ ਦਿਸਿਆ ਪਾਕਿਸਤਾਨੀ ਡਰੋਨ, ਜਵਾਨਾਂ ਨੇ ਕੀਤੀ ਫ਼ਾਇਰਿੰਗ

ਕਲਾਨੌਰ, 22 ਅਕਤੂਬਰ (ਗੁਰਦੇਵ ਸਿੰਘ ਰਜਾਦਾ) : ਬੀਐਸਐਫ਼ ਦੇ ਸੈਕਟਰ ਗੁਰਦਾਸਪੁਰ ਅਧੀਨ ਆਉਂਦੀ ਬੀਐਸਐਫ਼ ਦੀ 58 ਬਟਾਲੀਅਨ ਦੀ ਬੀਓਪੀ ਆਂਧੀਆਂ ਦੀ ਕੌਮਾਂਤਰੀ ਸਰਹੱਦ ਰਾਹੀਂ ਭਾਰਤੀ ਖੇਤਰ ਵਿਚ ਦਾਖ਼ਲ ਹੋ ਰਹੇ ਪਾਕਿਸਤਾਨ ਡਰੋਨ 'ਤੇ ਬੀਐਸਐਫ਼ ਜਵਾਨਾਂ ਵਲੋਂ ਫ਼ਾਇਰਿੰਗ ਤੇ ਰੋਸ਼ਨੀ ਵਾਲੇ ਬੰਬ ਛੱਡੇ ਗਏ। ਜਾਣਕਾਰੀ ਅਨੁਸਾਰ ਸਨਿਚਰਵਾਰ ਰਾਤ ਬੀਓਪੀ ਆਂਧੀਆਂ ਦੇ ਜਵਾਨਾਂ ਵਲੋਂ ਪਾਕਿਸਤਾਨੀ ਡਰੋਨ ਨੂੰ ਭਾਰਤੀ ਖੇਤਰ ਵਿਚ ਦਾਖ਼ਲ ਕਰਦਿਆਂ ਵੇਖਿਆ ਤਾਂ ਉਨ੍ਹਾਂ ਵਲੋਂ ਫ਼ਾਇਰਿੰਗ ਕੀਤੀ ਗਈ। ਦਸਣਯੋਗ ਹੈ ਕਿ ਆਂਧੀਆਂ ਬੀਓਪੀ 'ਤੇ ਪਿਛਲੇ ਦਿਨਾਂ ਦੌਰਾਨ ਚਾਰ ਵਾਰ ਦੇ ਕਰੀਬ ਪਾਕਿਸਤਾਨੀ ਡਰੋਨਾਂ ਵਲੋਂ ਭਾਰਤੀ ਖੇਤਰ ਵਿਚ ਦਾਖ਼ਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਘਟਨਾ ਦੀ ਖਬਰ ਸੁਣਦਿਆਂ ਹੀ ਬੀਐਸਐਫ਼ ਅਧਿਕਾਰੀਆਂ ਤੋਂ ਇਲਾਵਾ ਡੀਐਸਪੀ ਗੁਰਵਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਐਸਐਚਓ ਜਤਿੰਦਰ ਪਾਲ ਪੁਲਿਸ ਸਟੇਸ਼ਨ ਦੋਰਾਂਗਲਾ ਸੁਰੱਖਿਆ ਦਸਤਿਆਂ ਸਮੇਤ ਮੌਕੇ 'ਤੇ ਪੁੱਜੇ ਤੇ ਇਲਾਕੇ ਵਿਚ ਸਾਂਝਾ ਸਰਚ ਅਭਿਆਨ ਚਲਾ ਕੇ ਛਾਣਬੀਣ ਕੀਤੀ ਜਾ ਰਹੀ ਹੈ।

2 ਹਫ਼ਤੇ ਪਹਿਲਾਂ ਦੁਬਈ ਗਏ ਨੌਜਵਾਨ ਦੀ ਹੋਈ ਮੌਤ

ਮਲੋਟ, 22 ਅਕਤੂਬਰ (ਰਣਜੀਤ ਸਿੰਘ): ਦੁਬਈ ਤੋਂ ਇਕ ਪੰਜਾਬ ਦੇ ਨੌਜਵਾਨ ਦੀ ਮੌਤ ਦੀ ਖ਼ਬਰ ਆਈ ਹੈ। ਮ੍ਰਿਤਕ ਨੌਜਵਾਨ ਰੋਜ਼ੀ ਰੋਟੀ ਕਮਾਉਣ ਲਈ ਮਲੋਟ ਤੋਂ ਦੁਬਈ ਗਿਆ ਸੀ। ਮ੍ਰਿਤਕ ਦੀ ਪਛਾਣ 32 ਸਾਲਾ ਹੈਪੀ ਸਿੰਘ ਵਜੋਂ ਹੋਈ ਹੈ। ਦੁਬਈ ਜਾਣ ਦੇ ਤਿੰਨ ਦਿਨਾਂ ਬਾਅਦ ਹੀ ਹੈਪੀ ਸਿੰਘ ਦੀ ਨਦੀ ਵਿਚ ਡੁੱਬਣ ਕਾਰਨ ਮੌਤ ਹੋ ਗਈ। ਹੈਪੀ ਸਿੰਘ ਗ਼ਰੀਬ ਪ੍ਰਵਾਰ ਦੇ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ। ਜਾਣਕਾਰੀ ਮੁਤਾਬਕ ਨੌਜਵਾਨ 13 ਤਰੀਕ ਨੂੰ ਦੁਬਈ ਗਿਆ ਸੀ। 16 ਤਰੀਕ ਨੂੰ ਇਸ ਦੇ ਏਜੰਟ ਦਾ ਫ਼ੋਨ ਆਇਆ ਕੇ ਹੈਪੀ ਸਿੰਘ ਦੀ ਪਾਣੀ ਵਿਚ ਡੁੱਬਣ ਨਾਲ ਮੌਤ ਹੋ ਗਈ। ਹੈਪੀ ਸਿੰਘ ਅਪਣੇ ਪਿੱਛੇ ਪਤਨੀ ਅਤੇ ਇਕ ਦੋ ਸਾਲ ਦਾ ਬੇਟਾ ਛੱਡ ਗਿਆ ਹੈ। ਪ੍ਰਵਾਰ ਨੇ ਮੌਤ ਦੇ ਕਾਰਨਾਂ ਦੀ ਜਾਂਚ ਦੀ ਮੰਗ ਕੀਤੀ ਹੈ।

ਟਰੱਕ ਤੇ ਕਾਰ ਦੀ ਟੱਕਰ, ਇਕ ਦੀ ਮੌਤ

ਮੋਗਾ, 22 ਅਕਤੂਬਰ (ਖ਼ਾਨ) : ਮੋਗਾ ਮੋਗਾ 'ਚ ਵੱਡਾ ਹਾਦਸਾ ਵਾਪਰ ਗਿਆ। ਇਥੇ ਟਰੱਕ ਤੇ ਕਾਰ ਦੀ ਆਪਸ ਵਿਚ ਭਿਆਨਕ ਟੱਕਰ ਹੋਈ ਹੈ। ਟੱਕਰ ਤੋਂ ਬਾਅਦ ਟਰੱਕ ਨੂੰ ਅੱਗ ਲੱਗ ਗਈ ਅਤੇ ਕਾਰ ਸਵਾਰ ਦੀ ਮੌਤ ਹੋ ਗਈ। ਦਸਣਯੋਗ ਹੈ ਕਿ ਇਹ ਹਾਦਸਾ ਮੋਗਾ ਕੋਟਕਪੂਰਾ ਰੋਡ 'ਤੇ ਪਿੰਡ ਸਿੰਘਾਵਾਲਾ ਨੇੜੇ ਵਾਪਰਿਆ ਹੈ। ਮੌਕੇ 'ਤੇ ਪਹੁੰਚੇ ਨਗਰ ਨਿਗਮ ਮੋਗਾ ਦੇ ਮੇਅਰ ਬਲਜੀਤ ਸਿੰਘ ਚਾਨੀ ਨੇ ਦਸਿਆ ਕਿ ਸ਼ਾਮ 6.30 ਵਜੇ ਦੇ ਕਰੀਬ ਮੋਗਾ ਸਮਾਜ ਸੇਵੀ ਸੁਸਾਇਟੀ ਨੂੰ ਇਸ ਦੀ ਸੂਚਨਾ ਮਿਲੀ। ਫਾਇਰ ਬ੍ਰਿਗੇਡ ਦੀ ਟੀਮ ਨੇ ਕਰੀਬ ਡੇਢ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਤੇ ਕਾਰ ਚਾਲਕ ਨੂੰ ਬਾਹਰ ਕਢਿਆ।

ਬਰਖ਼ਾਸਤ ਏ.ਆਈ.ਜੀ ਰਾਜਜੀਤ ਸਿੰਘ ਜ਼ਮਾਨਤ ਰੱਦ ਹੋਣ ਮਗਰੋਂ ਮੁੜ ਰੂਪੋਸ਼

ਅਦਾਲਤ ਵਲੋਂ ਐਸ.ਟੀ.ਐਫ਼ ਸਾਹਮਣੇ ਲਗਾਤਾਰ 10 ਦਿਨ ਜਾਂਚ 'ਚ ਸ਼ਾਮਲ ਹੋਣ ਦਾ ਸੀ ਹੁਕਮ

ਐਸ.ਏ.ਐਸ. ਨਗਰ, 22 ਅਕਤੂਬਰ (ਜਸਬੀਰ ਸਿੰਘ ਜੱਸੀ) : ਡਰੱਗ ਤਸਕਰੀ ਕੇਸ 'ਚ ਬਰਖ਼ਾਸਤ ਏ.ਆਈ.ਜੀ ਰਾਜਜੀਤ ਸਿੰਘ ਹੁੰਦਲ ਮੁੜ ਰੂਪੋਸ਼ ਹੋ ਗਿਆ ਹੈ। ਵਿਜੀਲੈਂਸ ਦੀਆਂ ਟੀਮਾਂ ਉਸ ਦੀ ਭਾਲ ਕਰ ਰਹੀਆਂ ਹਨ। ਕਰੀਬ ਛੇ ਮਹੀਨੇ ਬਾਅਦ ਬੀਤੇ ਸ਼ੁਕਰਵਾਰ ਨੂੰ ਰਾਜਜੀਤ ਸਿੰਘ ਅਦਾਲਤ ਦੇ ਹੁਕਮਾਂ ਮੁਤਾਬਕ ਐਸ.ਟੀ.ਐਫ਼ ਦੀ ਵਿਸ਼ੇਸ਼ ਜਾਂਚ ਟੀਮ ਕੋਲ ਫੇਜ਼ 4 ਮੁਹਾਲੀ ਵਿਖੇ ਜਾਂਚ 'ਚ ਸ਼ਾਮਲ ਹੋਣ ਲਈ ਪੁੱਜਾ ਸੀ। ਰਾਜਜੀਤ ਸਿੰਘ ਜਾਂਚ ਟੀਮ ਸਾਹਮਣੇ ਉਸ ਸਮੇਂ ਆਇਆ ਸੀ ਜਦੋਂ ਉਸ 'ਤੇ ਦਰਜ ਤਿੰਨ ਕੇਸਾਂ 'ਚ ਉਸ ਨੂੰ ਰਾਹਤ ਮਿਲ ਗਈ। ਪਰ ਵਿਜੀਲੈਂਸ ਬਿਊਰੋ ਵਲੋਂ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਜਜੀਤ ਸਿੰਘ ਦੀ ਜ਼ਮਾਨਤ ਅਰਜ਼ੀ ਸ਼ੁਕਰਵਾਰ ਦੀ ਸ਼ਾਮ ਨੂੰ ਰੱਦ ਕਰ ਦਿਤੀ।

ਐਸ.ਆਈ.ਟੀ ਸਾਹਮਣੇ ਪੇਸ਼ ਹੋਣ ਤੋਂ ਬਾਅਦ ਰਾਜਜੀਤ ਸਿੰਘ ਮੁੜ ਰੂਪੋਸ਼ ਹੋ ਗਿਆ, ਜਦੋਂ ਕਿ ਉਸੇ ਸ਼ਾਮ ਵਿਜੀਲੈਂਸ ਦੀ ਟੀਮ ਵਲੋਂ ਰਾਜਜੀਤ ਸਿੰਘ ਦੀ ਗ੍ਰਿਫ਼ਤਾਰੀ ਲਈ ਉਸ ਦੇ ਸੈਕਟਰ 69 ਵਿਚਲੇ ਘਰ ਵਿਚ ਛਾਪੇਮਾਰੀ ਕੀਤੀ ਪ੍ਰੰਤੂ ਪਤਾ ਚਲਿਆ ਕਿ ਰਾਜਜੀਤ ਸਿੰਘ ਘਰ ਪਹੁੰਚਿਆ ਹੀ ਨਹੀਂ, ਐਨਾ ਹੀ ਨਹੀਂ ਰਾਜਜੀਤ ਸਿੰਘ ਨੇ ਅਪਣਾ ਮੋਬਾਈਲ ਫ਼ੋਨ ਵੀ ਬੰਦ ਕਰ ਲਿਆ ਹੈ। ਉਧਰ ਐਸ.ਟੀ.ਐਫ਼ ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ ਅਦਾਲਤ ਦੇ ਹੁਕਮਾਂ ਮੁਤਾਬਕ ਰਾਜਜੀਤ ਸਿੰਘ ਨੇ ਉਸ ਵਿਰੁਧ ਦੋ ਵੱਖ ਵੱਖ ਦਰਜ ਐਫ਼.ਆਈ.ਆਰਜ਼ ਵਿਚ ਲਗਾਤਾਰ 10 ਦਿਨ ਤਕ ਸਵੇਰੇ 10 ਵਜੇ ਤੋਂ 1 ਵਜੇ ਅਤੇ 3 ਵਜੇ ਤੋਂ ਸ਼ਾਮ 5 ਵਜੇ ਤਕ ਜਾਂਚ ਵਿਚ ਸ਼ਾਮਲ ਹੋਣਾ ਹੈ ਪ੍ਰੰਤੂ ਸ਼ੁਕਰਵਾਰ ਤੋਂ ਬਾਅਦ ਰਾਜਜੀਤ ਸਿੰਘ ਜਾਂਚ 'ਚ ਸ਼ਾਮਲ ਹੋਣ ਲਈ

ਬਾਕੀ ਸਫ਼ਾ 11 'ਤੇ

ਬਰਖ਼ਾਸਤ ਏ.ਆਈ.ਜੀ. ਰਾਜਜੀਤ ਸਿੰਘ।

ਲੁਧਿਆਣਾ 'ਚ ਵਪਾਰੀ ਤੋਂ 6 ਲੱਖ ਦੀ ਲੁੱਟ, ਦੋ ਬੈਗ ਖੋਹ ਕੇ ਬਦਮਾਸ਼ ਫ਼ਰਾਰ

ਵਾਰਦਾਤ ਤੋਂ ਬਾਅਦ ਜਾਂਚ ਵਿਚ ਜੁਟੀ ਪੁਲਿਸ ਪਾਰਟੀ।

ਲੁਧਿਆਣਾ, 22 ਅਕਤੂਬਰ (ਸੋਨੀ) : ਪੰਜਾਬ ਦੇ ਲੁਧਿਆਣਾ ਵਿਚ ਚਾਰ ਕਾਰ ਸਵਾਰ ਬਦਮਾਸ਼ਾਂ ਨੇ ਇਕ ਐਲੂਮੀਨੀਅਮ ਕਾਰੋਬਾਰੀ ਤੋਂ 6 ਲੱਖ ਰੁਪਏ ਅਤੇ ਇਕ ਲੈਪਟਾਪ ਲੁੱਟ ਲਿਆ। ਉਹ ਗਿੱਲ ਰੋਡ 'ਤੇ ਸਥਿਤ ਅਪਣੀ ਫ਼ੈਕਟਰੀ ਤੋਂ ਵਾਪਸ ਕਿਚਲੂ ਨਗਰ ਵਲ ਘਰ ਆ ਰਿਹਾ ਸੀ ਕਿ ਘਰ ਦੇ ਕੋਲ ਇਕ ਕਾਰ ਰੁਕੀ। ਦੋ ਨਕਾਬਪੋਸ਼ ਨੌਜਵਾਨਾਂ ਨੇ ਕਾਰ 'ਚੋਂ ਉਤਰ ਕੇ ਵਪਾਰੀ 'ਤੇ ਬੇਸਬਾਲ ਬੈਟ ਨਾਲ ਹਮਲਾ ਕਰ ਦਿਤਾ।

ਕਾਰੋਬਾਰੀ ਸੌਰਵ ਅਗਰਵਾਲ ਦੇ ਹੱਥ ਵਿਚ ਦੋ ਬੈਗ ਸਨ। ਬਦਮਾਸ਼ਾਂ ਨੇ ਹਮਲਾ ਕਰ ਕੇ ਦੋਵੇਂ ਬੈਗ ਖੋਹ ਲਏ। ਇਕ ਬੈਗ ਵਿਚ ਕਰੀਬ 6 ਲੱਖ ਰੁਪਏ ਦੀ ਨਕਦੀ ਸੀ ਅਤੇ ਦੂਜੇ ਵਿਚ ਲੈਪਟਾਪ ਸੀ। ਹਮਲਾ ਕਰਨ ਵਾਲੇ ਬਦਮਾਸ਼ਾਂ ਨੇ ਚਿਹਰੇ 'ਤੇ ਮਾਸਕ ਪਹਿਨੇ ਹੋਏ ਸਨ, ਪਰ ਪੁਲਿਸ ਅਜੇ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਰਹੀ ਹੈ ਕਿ ਉਨ੍ਹਾਂ ਨੇ ਮਾਸਕ ਪਹਿਨੇ ਹੋਏ ਸਨ ਜਾਂ ਨਹੀਂ। ਕਾਰੋਬਾਰੀ ਦੀ ਚੀਕ ਸੁਣ ਕੇ ਪਰਿਵਾਰ ਅਤੇ ਇਲਾਕੇ ਦੇ ਲੋਕ ਇਕੱਠੇ ਹੋ ਗਏ ਅਤੇ ਖ਼ੂਨ ਨਾਲ ਲਥਪਥ ਸੌਰਵ ਨੂੰ ਸੰਭਾਲਿਆ। ਉਦੋਂ ਤਕ ਬਦਮਾਸ਼ ਫ਼ਰਾਰ ਹੋ ਚੁੱਕੇ ਸਨ।

ਕਾਰੋਬਾਰੀ ਸੌਰਵ ਅਗਰਵਾਲ ਨੂੰ ਤੁਰਤ ਨਿਜੀ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਉਸ ਦੀ ਬਾਂਹ 'ਤੇ ਟਾਂਕੇ ਲਾਏ ਹਨ। ਸੌਰਵ ਨੇ ਦਸਿਆ ਕਿ ਜਦੋਂ ਉਹ ਫ਼ੈਕਟਰੀ ਤੋਂ ਘਰ ਪਰਤਿਆ ਤਾਂ ਬਦਮਾਸ਼ਾਂ ਨੇ ਉਨ੍ਹਾਂ ਦੇ ਘਰ ਦੇ ਬਾਹਰ ਹੀ ਉਸ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਲੋਕਾਂ ਨੇ ਮੂੰਹ 'ਤੇ ਮਾਸਕ ਪਾਏ ਹੋਏ ਸਨ। ਉਸ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ। ਚੌਕੀ ਕਿਚਲੂ ਨਗਰ ਦੀ ਪੁਲਿਸ ਅਤੇ ਸੀਨੀਅਰ ਪੁਲਿਸ ਅਧਿਕਾਰੀ ਘਟਨਾ ਵਾਲੀ ਥਾਂ 'ਤੇ ਪਹੁੰਚੇ ਅਤੇ ਕਾਰੋਬਾਰੀ ਦੇ ਬਿਆਨ ਦਰਜ ਕੀਤੇ।

ਲੁੱਟ ਤੋਂ ਬਾਅਦ ਏਡੀਸੀਪੀ ਸ਼ੁਭਮ ਅਗਰਵਾਲ ਅਤੇ ਏਸੀਪੀ ਮਨਦੀਪ ਸਿੰਘ ਪੁਲਿਸ ਟੀਮਾਂ ਨਾਲ 1 ਵਜੇ ਤਕ ਬਦਮਾਸ਼ਾਂ ਦਾ ਪਤਾ ਲਗਾਉਣ ਲਈ ਚੈਕਿੰਗ ਕਰਦੇ ਰਹੇ। ਘਟਨਾ ਤੋਂ ਤੁਰਤ ਬਾਅਦ ਪੁਲਿਸ ਅਧਿਕਾਰੀਆਂ ਨੇ ਵਾਇਰਲੈੱਸ 'ਤੇ ਕੰਟਰੋਲ ਰੂਮ ਨੂੰ ਸੂਚਨਾ ਦਿਤੀ। ਸ਼ਹਿਰ ਵਿਚ ਕਈ ਥਾਵਾਂ 'ਤੇ ਨਾਕਾਬੰਦੀ ਵੀ ਕੀਤੀ

ਬਾਕੀ ਸਫ਼ਾ 11 'ਤੇ

ਡਾ. ਗੁਰਪ੍ਰੀਤ ਕੌਰ ਗੜ੍ਹਸ਼ੰਕਰ ਵਿਖੇ ਡਿਪਟੀ ਸਪੀਕਰ ਰੌੜੀ ਦੀ ਰਿਹਾਇਸ਼ 'ਤੇ ਪੁੱਜੇ

ਹੁਸ਼ਿਆਰਪੁਰ, 22 ਅਕਤੂਬਰ (ਅੰਕੁਸ਼ ਗੋਇਲ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਡਾ: ਗੁਰਪ੍ਰੀਤ ਕੌਰ ਅੱਜ

- **ਮੁੱਖ ਮੰਤਰੀ ਦੀ ਪਤਨੀ ਨੇ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਵਿਚ ਕੀਤੇ ਵਿਕਾਸ ਕਾਰਜਾਂ ਬਾਰੇ ਕੀਤੀ ਚਰਚਾ**

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੌੜੀ ਦੀ ਰਿਹਾਇਸ਼ 'ਤੇ ਪੁੱਜੇ। ਇਸ ਦੌਰਾਨ ਡਿਪਟੀ ਸਪੀਕਰ ਨੇ ਘਰ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ 'ਚ ਹੋਏ ਵਿਕਾਸ ਕਾਰਜਾਂ ਬਾਰੇ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਵੇਰਕਾ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ, ਮੁੱਖ ਮੰਤਰੀ ਦੇ ਓ.ਐਸ.ਡੀ ਓਂਕਾਰ ਸਿੰਘ ਵੀ ਹਾਜ਼ਰ ਸਨ। ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਦਸਿਆ ਕਿ ਡਾ: ਗੁਰਪ੍ਰੀਤ ਕੌਰ ਨੇ ਗੜ੍ਹਸ਼ੰਕਰ

ਬਾਕੀ ਸਫ਼ਾ 11 'ਤੇ

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਮੁੱਖ ਮੰਤਰੀ ਦੀ ਧਰਮਪਤਨੀ ਡਾ: ਗੁਰਪ੍ਰੀਤ ਕੌਰ ਦਾ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚਣ 'ਤੇ ਸਵਾਗਤ ਕਰਦੇ ਹੋਏ।

ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ

TATA

ਰਜਿ. ਦਫ਼ਤਰ : 11ਵੀਂ ਮੰਜ਼ਿਲ, ਟਾਵਰ ਏ, ਪੈਨਿਨਸੁਲਾ ਬਿਜ਼ਨਸ ਪਾਰਕ, ਗਣਪਤਰਾਓ ਕਦਮ ਮਾਰਗ, ਲੋਅਰ ਪਟੇਲ, ਮੁੰਬਈ 400013, CIN : U67190MH2008PLC187552

ਡਿਮਾਂਡ ਨੋਟਿਸ

ਸਕਿਓਰਿਟੀ ਇੰਟਰੱਸਟ (ਇਨਫ਼ੋਰਸਮੈਂਟ) ਰੂਲਜ਼, 2002 ("ਰੂਲਜ਼") ਦੇ ਰੂਲ 3 ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸੇਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਓਰਿਟੀ ਇੰਟਰੱਸਟ ਐਕਟ, 2002 ("ਐਕਟ") ਦੇ ਸੈਕਸ਼ਨ 13(2) ਅਧੀਨ

ਜਿਵੇਂਕਿ ਟਾਟਾ ਕੈਪੀਟਲ ਹਾਊਸਿੰਗ ਫ਼ਾਈਨਾਂਸ ਲਿਮਟਿਡ (ਟੀ.ਸੀ.ਐਚ.ਐਫ਼.ਐਲ.) ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਨੇ ਰੂਲਜ਼ ਦੇ ਰੂਲ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਪਹਿਲਾਂ ਹੀ ਐਕਟ ਦੇ ਸੈਕਸ਼ਨ 13(2) ਅਧੀਨ ਕਰਜ਼ਦਾਰ(ਾਂ)/ਸਹਿ-ਕਰਜ਼ਦਾਰ(ਾਂ)/ਗਰੰਟਰ(ਾਂ) (ਸਾਰੇ ਇਕੱਲੇ ਜਾਂ ਇਕੱਠੇ ਦੇਣਦਾਰ ਮੰਨੇ ਜਾਂਦੇ ਹਨ)/ਕਾਨੂੰਨੀ ਵਾਰਸ/ਇਸ ਦੇ ਹੇਠ ਸੂਚੀਬੱਧ ਕਾਨੂੰਨੀ ਪ੍ਰਤੀਨਿਧੀ ਨੂੰ ਵਿਸਤ੍ਰਿਤ ਡਿਮਾਂਡ ਨੋਟਿਸ ਜਾਰੀ ਕਰਕੇ ਸਬੰਧਤ ਡਿਮਾਂਡ ਨੋਟਿਸ 'ਚ ਦਰਸਾਈ ਰਕਮ ਇਹ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਅੰਦਰ ਜਿਵੇਂ ਕਿ ਹੇਠਾਂ ਦਿਤੇ ਗਏ ਵੇਰਵੇ ਅਨੁਸਾਰ ਭੁਗਤਾਨ ਕਰਨ ਲਈ ਕਿਹਾ ਸੀ। ਉਪਰੋਕਤ ਨੋਟਿਸ ਦੀ ਕਾਪੀ ਰਜਿਸਟਰਡ ਏ.ਡੀ. ਰਾਹੀਂ ਭੇਜੀ ਜਾ ਚੁੱਕੀ ਹੈ ਅਤੇ ਜੋ ਨਿਮਨਹਸਤਾਖ਼ਰੀ ਕੋਲ ਅਤੇ ਉਪਰੋਕਤ ਦੇਣਦਾਰ/ਕਾਨੂੰਨੀ ਵਾਰਸ/ਕਾਨੂੰਨੀ ਪ੍ਰਤੀਨਿਧੀ ਕੋਲ ਮੁਹੱਈਆ ਹੈ, ਜੇਕਰ ਉਹ ਚਾਹੇ ਤਾਂ, ਕਿਸੇ ਵੀ ਕੰਮਕਾਜ ਵਾਲੇ ਦਿਨ ਨਿਮਨਹਸਤਾਖ਼ਰੀ ਦੇ ਦਫ਼ਤਰ ਤੋਂ ਪ੍ਰਾਪਤ ਕਰ ਸਕਦਾ ਹੈ।

ਇਸ ਸਬੰਧ ਵਿਚ ਉੱਪਰ ਲਿਖੇ ਅਨੁਸਾਰ ਇਕ ਵਾਰ ਫਿਰ ਉਪਰੋਕਤ ਦੇਣਦਾਰ/ਕਾਨੂੰਨੀ ਵਾਰਸ/ਕਾਨੂੰਨੀ ਪ੍ਰਤੀਨਿਧੀਆਂ ਨੂੰ ਟੀ.ਸੀ.ਐਚ.ਐਫ਼.ਐਲ. ਨੂੰ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਅੰਦਰ ਰਕਮ ਦਾ ਭੁਗਤਾਨ ਕਰਨਾ ਹੈ, ਹੇਠਾਂ ਦਿੱਤੇ ਅਨੁਸਾਰ ਉਨ੍ਹਾਂ ਦੇ ਨਾਮ ਦੇ ਸਾਹਮਣੇ ਲਿਖੀ ਗਈ ਰਕਮ, ਉਸ ਦੇ ਨਾਲ-ਨਾਲ ਜੇਕਰ ਦੇਣਦਾਰ ਨਾਲ ਕੀਤੇ ਗਏ ਕਰਜ਼ਾ ਸਮਝੌਤੇ ਅਤੇ ਹੋਰ ਲਿਖਤੀ/ਦਸਤਾਵੇਜ਼ ਮੁਤਾਬਕ ਉਸ ਵਿਚ ਕਾਲਮ (ਡੀ) 'ਚ ਦਿਤੀ ਗਈ ਮਿਤੀ ਤਕ ਵਿਆਜ਼ ਰਕਮ ਸਮੇਤ ਭੁਗਤਾਨ ਕਰਨਾ ਹੈ/ਵਸੂਲੀ ਕਰਨਾ ਹੈ। ਜਿਵੇਂ ਕਿ ਦਿੱਤੇ ਗਏ ਕਰਜ਼ੇ ਦੀ ਵਸੂਲੀ ਲਈ ਦੇਣਦਾਰ ਵਲੋਂ ਸਕਿਓਰਿਟੀ ਵਜੋਂ ਮੁੜ ਭੁਗਤਾਨ ਲਈ ਹੇਠ ਲਿਖੇ ਸਕਿਓਰਡ ਐਸਟਸ ਉਕਤ ਗਿਰਵੀਕਾਰਾਂ ਵਲੋਂ ਟੀ.ਸੀ.ਐਚ.ਐਫ਼.ਐਲ. ਕੋਲ ਗਿਰਵੀ ਰੱਖੇ ਗਏ ਹਨ।

ਕੰਟਰੈਕਟ ਨੰ.	ਓਬਲੀਗੇਟਰ(ਜ਼)/ਕਾਨੂੰਨੀ ਵਾਰਿਸ(ਾਂ)/ ਕਾਨੂੰਨੀ ਪ੍ਰਤੀਨਿਧੀ(ਆਂ) ਦਾ ਨਾਮ	ਹੇਠ ਦਰਸਾਈ ਮਿਤੀ ਨੂੰ ਕੁੱਲ ਬਕਾਇਆ (ਰੁ.)*	ਡਿਮਾਂਡ ਨੋਟਿਸ ਦੀ ਮਿਤੀ / ਐਨਪੀਏ ਦੀ ਮਿਤੀ
TCHHL 036300 010007 2820	ਸ਼੍ਰੀ ਪ੍ਰਦੀਪ ਸਿੰਘ (ਕਰਜ਼ਦਾਰ) ਅਤੇ ਸ਼੍ਰੀਮਤੀ ਅਰਸ਼ਦੀਪ ਕੌਰ (ਸਹਿ ਕਰਜ਼ਦਾਰ)	12.10.2023 ਨੂੰ ਰਕਮ ਰੁ. 29,84,227/- (ਉਨੱਤੀ ਲੱਖ ਚੁਰਾਸੀ ਹਜ਼ਾਰ ਦੋ ਸੌ ਸਤਾਈ ਰੁ. ਸਿਰਫ)	12-10-2023 / 03-10-2023
ਸਕਿਓਰਡ ਐਸਟਸ/ਅਚੱਲ ਜਾਇਦਾਦਾਂ/ਗਿਰਵੀ ਜਾਇਦਾਦਾਂ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਰਿਹਾਇਸ਼ੀ ਜਾਇਦਾਦ ਜੋ ਕਿ ਮਕਾਨ ਨੰ. 3/186ਏ, ਮਿਣਤੀ 00 ਕਨਾਲ-05 ਮਰਲੇ ਭਾਵ 00 ਕਨਾਲ-4-1/3 ਮਰਲੇ (4-1/3/1476ਵਾਂ ਹਿੱਸਾ ਵਿਚੋਂ 73 ਕਨਾਲ-13 ਮਰਲੇ) ਜੋ ਸ਼ਾਮਲ ਹੈ ਵਿਚ ਮੁਸਤਿਲ ਨੰ. 98, ਕਿੱਲਾ ਨੰ. 2/2-3-4-5-7-8, ਮੁਸਤਿਲ ਨੰ. 91, ਕਿੱਲਾ ਨੰ. 21-22-24-25/1, ਖਾਤਾ ਨੰ. 513/576-514/577-515/578-516/579-517/580-518/581-519/582 ਅਤੇ 00 ਕਨਾਲ-2/3 ਮਰਲੇ (00-2/3/151ਵਾਂ ਹਿੱਸਾ ਵਿਚੋਂ 07 ਕਨਾਲ-11 ਮਰਲੇ) ਜੋ ਸ਼ਾਮਲ ਹੈ ਵਿਚ ਮੁਸਤਿਲ ਨੰ. 91, ਕਿੱਲਾ ਨੰ. 23, ਖਾਤਾ ਨੰ. 512/575, ਜਮਾਂਬੰਦੀ 2006-07 ਲਈ ਸਥਿਤ ਹੈ ਪਿੰਡ ਮੁੱਲਾਂਪੁਰ ਵਿਖੇ, ਹੱਦਬਸਤ ਨੰ. 140, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ (ਪੰਜਾਬ) ਸਮੇਤ ਸੇਲ ਡੀਡ ਵਿਚ ਦਰਸਾਈਆਂ ਸਾਰੀਆਂ ਸਾਂਝੀਆਂ ਸਹੂਲਤਾਂ, ਹੱਦਾਂ : ਪੂਰਬ : ਗੁਆਂਢੀ 28'0", ਪੱਛਮ : ਗਲੀ 28'0", ਉਤਰ : ਗੁਆਂਢੀ 49'0", ਦੱਖਣ : ਗਲੀ 49'0"			
TCHHF 036300 010000 2217	ਸ਼੍ਰੀ ਸੋਨਦੀਪ ਸਿੰਘ (ਕਰਜ਼ਦਾਰ) ਅਤੇ ਸ਼੍ਰੀਮਤੀ ਗਗਨਦੀਪ ਕੌਰ (ਸਹਿ ਕਰਜ਼ਦਾਰ)	13.10.2023 ਨੂੰ ਰਕਮ ਰੁ. 15,09,595/- (ਪੰਦਰਾਂ ਲੱਖ ਨੌ ਹਜ਼ਾਰ ਪੰਜ ਸੌ ਪਚਾਨਵੇਂ ਰੁ. ਸਿਰਫ)	13-10-2023 / 03-10-2023
ਸਕਿਓਰਡ ਐਸਟਸ/ਅਚੱਲ ਜਾਇਦਾਦਾਂ/ਗਿਰਵੀ ਜਾਇਦਾਦਾਂ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਰਿਹਾਇਸ਼ੀ ਪਲਾਟ (ਐਮਸੀ ਨੰ. ਬੀ-29/60/359/305/1ਏ), ਮਿਣਤੀ 101 ਵ.ਗਜ਼, ਜੋ ਸ਼ਾਮਲ ਹੈ ਵਿਚ ਖਸਰਾ ਨੰ. 266/2/2, ਖੇਵਟ ਨੰ. 100, ਖਤੌਨੀ ਨੰ. 140, ਪੇਜ਼ ਨੰ. 335, ਜਮਾਂਬੰਦੀ ਸਾਲ 2008-09 ਅਨੁਸਾਰ, ਸਥਿਤ ਹੈ ਪਿੰਡ ਡਾਬਾ ਵਿਖੇ, ਹੱਦਬਸਤ ਨੰ 262, ਅਬਾਦੀ ਜਾਣੀ ਜਾਂਦੀ ਹੈ ਮਹਾ ਸਿੰਘ ਨਗਰ ਵਜੋਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ (ਪੰਜਾਬ) ਸਮੇਤ ਮਲਕੀਅਤਸ਼ਿਪ ਟਰਾਂਸਫਰ ਡੀਡ ਵਿਚ ਦਰਸਾਈਆਂ ਸਾਰੀਆਂ ਸਾਂਝੀਆਂ ਸਹੂਲਤਾਂ। ਹੱਦਾਂ : ਪੂਰਬ : ਗਲੀ 18' ਚੌੜੀ (ਸਾਈਡ 45'), ਪੱਛਮ : ਗੁਆਂਢੀ (ਸਾਈਡ 45'), ਉਤਰ : ਗੁਆਂਢੀ (ਸਾਈਡ 22'6"), ਦੱਖਣ : ਗਲੀ 20' ਚੌੜੀ (ਸਾਈਡ 20')			
TCHHL 034900 010008 5787	ਸ਼੍ਰੀ ਰਾਜੇਸ਼ ਬਹਿਲ (ਕਰਜ਼ਦਾਰ) ਅਤੇ ਸ਼੍ਰੀ ਰਜਤ ਬਹਿਲ (ਸਹਿ ਕਰਜ਼ਦਾਰ)	16.10.2023 ਨੂੰ ਰਕਮ ਰੁ. 45,09,363/- (ਪੰਤਾਲੀ ਲੱਖ ਨੌ ਹਜ਼ਾਰ ਤਿੰਨ ਸੌ ਤਰੇਹਟ ਰੁ. ਸਿਰਫ)	16-10-2023 / 07-10-2023
ਸਕਿਓਰਡ ਐਸਟਸ/ਅਚੱਲ ਜਾਇਦਾਦਾਂ/ਗਿਰਵੀ ਜਾਇਦਾਦਾਂ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ : 1. ਤਿੰਨ ਮੰਜ਼ਿਲਾ ਰਿਹਾਇਸ਼ੀ ਜਾਇਦਾਦ ਜਿਸ ਦਾ ਮਕਾਨ ਨੰ. 07 ਦੀ ਆਜ਼ਾਦਾਨਾ ਪਹਿਲੀ ਮੰਜ਼ਿਲ, ਉਸਾਰਿਆ 'ਤੇ ਪਲਾਟ ਨੰ. 07, ਮਿਣਤੀ 00 ਬਿੱਘਾ-00 ਬਿਸਵਾ-15 ਬਿਸਵਾਸੀ ਜੋ ਕਿ 15/2000 ਵਾਂ ਹਿੱਸਾ ਵਿਚੋਂ ਕੁੱਲ ਜਮੀਨ 05 ਬਿੱਘਾ-00 ਬਿਸਵਾ ਭਾਵ 37.40 ਵ. ਗਜ਼ ਜੋ ਕਿ 1/3 ਹਿੱਸਾ ਵਿਚੋਂ ਕੁੱਲ ਪਲਾਟ ਰਕਬਾ ਮਿਣਤੀ 112.22 ਵ. ਗਜ਼ (20'x50'-6"), ਜੋ ਸ਼ਾਮਲ ਹੈ ਵਿਚ ਖੇਵਟ/ਖਤੌਨੀ ਨੰ. 36/38, ਖਸਰਾ ਨੰ. 166(1-10-8), 159/1(1-14-16), 158/1(1-14-16) ਜਮਾਂਬੰਦੀ 2011-12 ਲਈ, ਕਿੱਤੇ 03, ਹੱਦਬਸਤ ਨੰ. 54, ਸਥਿਤ ਹੈ ਮੌਜਾ ਕਿਸ਼ਨਪੁਰਾ ਵਿਖੇ ਜੋ ਜਾਣਿਆ ਜਾਂਦਾ ਹੈ ਦੇਵਾਜੀ ਰੈਜ਼ੀਡੈਂਸੀ ਵਜੋਂ ਸਬ ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬਸੀ ਜ਼ਿਲ੍ਹਾ ਐਸਏਐਸ ਨਗਰ (ਮੋਹਾਲੀ)-140507 (ਪੰਜਾਬ) ਸਮੇਤ ਸੇਲ ਡੀਡ ਮਿਤੀ 29.09.2017 ਵਿਚ ਦਰਸਾਈਆਂ ਸਾਰੀਆਂ ਸਾਂਝੀਆਂ ਸਹੂਲਤਾਂ ਸਕਿਓਰਡ ਐਸਟਸ/ਅਚੱਲ ਜਾਇਦਾਦਾਂ/ਗਿਰਵੀ ਜਾਇਦਾਦਾਂ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ : 2. ਤਿੰਨ ਮੰਜ਼ਿਲਾ ਰਿਹਾਇਸ਼ੀ ਜਾਇਦਾਦ ਜਿਸ ਦਾ ਮਕਾਨ ਨੰ. 07 ਦੀ ਆਜ਼ਾਦਾਨਾ ਦੂਜੀ ਮੰਜ਼ਿਲ, ਉਸਾਰਿਆ 'ਤੇ ਪਲਾਟ ਨੰ. 07, ਮਿਣਤੀ 00 ਬਿੱਘਾ-00 ਬਿਸਵਾ-15 ਬਿਸਵਾਸੀ ਜੋ ਕਿ 15/2000 ਵਾਂ ਹਿੱਸਾ ਵਿਚੋਂ ਕੁੱਲ ਜਮੀਨ 05 ਬਿੱਘਾ-00 ਬਿਸਵਾ ਭਾਵ 37.40 ਵ. ਗਜ਼ ਜੋ ਕਿ 1/3 ਹਿੱਸਾ ਵਿਚੋਂ ਕੁੱਲ ਪਲਾਟ ਰਕਬਾ ਮਿਣਤੀ 112.22 ਵ. ਗਜ਼ (20'x50'-6"), ਜੋ ਸ਼ਾਮਲ ਹੈ ਵਿਚ ਖੇਵਟ/ਖਤੌਨੀ ਨੰ. 36/38, ਖਸਰਾ ਨੰ. 166(1-10-8), 159/1(1-14-16), 158/1(1-14-16) ਜਮਾਂਬੰਦੀ 2011-12 ਲਈ, ਕਿੱਤੇ 03, ਹੱਦਬਸਤ ਨੰ. 54, ਸਥਿਤ ਹੈ ਮੌਜਾ ਕਿਸ਼ਨਪੁਰਾ ਵਿਖੇ ਜੋ ਜਾਣਿਆ ਜਾਂਦਾ ਹੈ ਦੇਵਾਜੀ ਰੈਜ਼ੀਡੈਂਸੀ ਵਜੋਂ ਸਬ ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬਸੀ ਜ਼ਿਲ੍ਹਾ ਐਸਏਐਸ ਨਗਰ (ਮੋਹਾਲੀ)-140507 (ਪੰਜਾਬ) ਸਮੇਤ ਸੇਲ ਡੀਡ ਮਿਤੀ 10.10.2017 ਵਿਚ ਦਰਸਾਈਆਂ ਸਾਰੀਆਂ ਸਾਂਝੀਆਂ ਸਹੂਲਤਾਂ			

* ਸਮੇਤ ਅਗਾਊਂ ਵਿਆਜ, ਵਧੀਕ ਵਿਆਜ਼ ਦਰ ਹੋਰ ਤਫ਼ਸੀਲ ਨਾਲ ਉਪਰੋਕਤ ਦਰਸਾਈ ਮਿਤੀ ਦੇ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ, ਅਕਾਸਮਿਕ ਖਰਚੇ, ਲਾਗਤਾਂ, ਚਾਰਜਿਜ਼ ਆਦਿ ਪੂਰੀ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤੱਕ। ਜੇਕਰ ਉਕਤ ਦੇਣਦਾਰ ਟੀ.ਸੀ.ਐਚ.ਐਫ਼.ਐਲ. ਨੂੰ ਉਪਰੋਕਤ ਦਰਸਾਈ ਰਕਮ ਭੁਗਤਾਨ ਕਰਨ 'ਚ ਅਸਫ਼ਲ ਹੋ ਜਾਂਦਾ ਹੈ ਤਾਂ ਟੀ.ਸੀ.ਐਚ.ਐਫ਼.ਐਲ. ਉਕਤ ਐਕਟ ਦੇ ਸੈਕਸ਼ਨ 13(4) ਅਤੇ ਲਾਗੂ ਹੋਰ ਸਾਰੇ ਰੂਲਜ਼ ਅਧੀਨ ਉਪਰੋਕਤ ਗਿਰਵੀ ਜਾਇਦਾਦ/ਅਚੱਲ ਜਾਇਦਾਦ ਨੂੰ ਨੀਲਾਮ ਕਰ ਕੇ ਵਸੂਲ ਕਰਨ ਲਈ ਕਾਰਵਾਈ ਕਰੇਗਾ ਜਿਸ ਦੇ ਸਿੱਟੇ ਅਤੇ ਖ਼ਰਚੇ ਉਕਤ ਕਰਜ਼ਦਾਰਾਂ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਨੂੰ ਭੁਗਤਣੇ ਪੈਣਗੇ।

ਉਪਰੋਕਤ ਦੇਣਦਾਰ/ਕਾਨੂੰਨੀ ਵਾਰਿਸ/ਕਾਨੂੰਨੀ ਪ੍ਰਤੀਨਿਧੀ ਉਪਰੋਕਤ ਐਕਟ ਹੇਠ ਬਿਨਾਂ ਟੀ.ਸੀ.ਐਚ.ਐਫ਼.ਐਲ. ਦੀ ਪਹਿਲਾਂ ਇਜਾਜ਼ਤ ਤੋਂ ਬਗ਼ੈਰ ਗਿਰਵੀ ਜਾਇਦਾਦ/ਅਚੱਲ ਜਾਇਦਾਦ ਨੂੰ ਟਰਾਂਸਫ਼ਰ ਨਹੀਂ ਕਰ ਸਕਦਾ, ਨਾ ਹੀ ਵੇਚ ਸਕਦਾ ਹੈ, ਨਾ ਹੀ ਲੀਜ਼ ਆਦਿ 'ਤੇ ਦੇ ਸਕਦਾ ਹੈ। ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਹੈ ਤਾਂ ਉਹ ਇਸ ਐਕਟ ਦੀਆਂ ਸ਼ਰਤਾਂ ਹੇਠ ਦੰਡ ਕੈਦ/ਜਾਂ ਜੁਰਮਾਨੇ ਦਾ ਹੱਕਦਾਰ ਹੋਵੇਗਾ।

ਮਿਤੀ : 23.10.2023
ਸਥਾਨ : ਪੰਜਾਬ

ਸਹੀ/- ਅਧਿਕਾਰਤ ਅਫ਼ਸਰ
ਲਈ ਟਾਟਾ ਕੈਪੀਟਲ ਹਾਊਸਿੰਗ ਫ਼ਾਈਨਾਂਸ ਲਿਮਟਿਡ

ਕਬਜ਼ਾ ਨੋਟਿਸ

ਈਡਲਵੀਸ ਐਸੇਟਸ ਰੀਕੰਸਟ੍ਰੱਕਸ਼ਨ ਕੰਪਨੀ ਲਿਮ.

CIN : U67100MH2007PLC174759

ਰਿਟੇਲ ਸੈਂਟਰਲ ਅਤੇ ਰਜਿ: ਦਫਤਰ : ਈਡਲਵੀਸ ਹਾਊਸ, ਦਫਤਰ ਸੀਐਸਟੀ ਰੋਡ, ਕਾਲੀਨਾ ਮੁੰਬਈ 400098

ਜਦੋਂਕਿ ਨਿਮਨਹਸਤਾਖੀ ਨੇ ਅਧਿਕਾਰਤ ਅਫ਼ਸਰ ਵਜੋਂ ਸਿਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੇਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰਸਟ (ਐਕਟ) 2002 ਅਧੀਨ ਅਤੇ ਸਿਕਿਉਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਲਿਖੀਆਂ ਮਿਤੀਆਂ ਨੂੰ ਸਬੰਧਤ ਕਰਜ਼ਦਾਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰ ਕੇ ਇਨ੍ਹਾਂ ਕਰਜ਼ਦਾਰਾਂ ਨੂੰ ਸਬੰਧਤ ਨੋਟਿਸਾਂ ਵਿਚ ਦਰਸਾਈ ਰਾਸ਼ੀ(ਆਂ) ਸਮੇਤ ਵਿਆਜ ਅਤੇ ਹੋਰ ਖਰਚੇ ਦਾ ਭੁਗਤਾਨ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਕਰਨ ਲਈ ਕਿਹਾ ਗਿਆ।

ਇਸ ਤੋਂ ਬਾਅਦ, ਇੱਥੇ ਜ਼ਿਕਰ ਕੀਤੇ ਅਸਾਈਨਰ ਨੇ, ਈਡਲਵੀਸ ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਿਟਡ ਨੂੰ ਵਿੱਤੀ ਸੰਪੱਤੀਆਂ ਸੌਂਪੀਆਂ ਹਨ ਜੋ ਇਸ ਦੇ ਅਧੀਨ ਵਰਣਿਤ ਵੱਖ-ਵੱਖ ਟਰੱਸਟਾਂ ਦੇ ਟਰੱਸਟੀ ਵਜੋਂ ਆਪਣੀ ਸਮਰੱਥਾ ਅਨੁਸਾਰ ਕੰਮ ਕਰ ਰਹੀਆਂ ਹਨ (ਇਸ ਤੋਂ ਬਾਅਦ EARC ਵਜੋਂ ਜਾਣਿਆ ਜਾਂਦਾ ਹੈ)। ਅਸਾਈਨਮੈਂਟ ਸਮਝੌਤਿਆਂ ਦੇ ਅਨੁਸਾਰ, ਸਰਫਾਇਸੀ ਐਕਟ, 2002 ਦੀ ਧਾਰਾ 5 ਦੇ ਤਹਿਤ, EARC ਨੇ ਅਸਾਈਨ ਕਰਨ ਵਾਲੇ ਖਿਲਾਫ਼ ਕਦਮ ਚੁੱਕਿਆ ਹੈ ਅਤੇ ਅੰਡਰਲਾਈਂਗ ਸਕਿਉਰਿਟੀ ਐਸੇਟਸ , ਗਾਰੰਟੀਆਂ, ਵਾਅਦੇ ਸਮੇਤ ਵਿੱਤੀ ਸੰਪਤੀਆਂ ਦੇ ਸਬੰਧ ਵਿੱਚ ਅਸਾਈਨਮੈਂਟ ਦੇ ਸਾਰੇ ਅਧਿਕਾਰ, ਸਿਰਲੇਖ ਅਤੇ ਹਿੱਤ ਕਰਜ਼ਾ ਲੈਣ ਵਾਲੇ ਦੁਆਰਾ ਪ੍ਰਾਪਤ ਕੀਤੀ ਵਿੱਤੀ ਸਹਾਇਤਾ ਦੇ ਸਬੰਧ ਵਿੱਚ EARC ਵਿੱਚ ਨਿਯਤ ਕੀਤਾ ਗਿਆ ਹੈ ਅਤੇ EARC ਸਕਿਉਰਡ ਕ੍ਰੈਡੀਟਰ ਵਜੋਂ ਆਪਣੇ ਸਾਰੇ ਅਧਿਕਾਰਾਂ ਦੀ ਵਰਤੋਂ ਕਰਦਾ ਹੈ।

ਇਹ ਕਰਜ਼ਦਾਰ ਅਪਣੀ ਰਾਸ਼ੀ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ। ਇਸ ਕਾਰਨ ਇਸ ਨੋਟਿਸ ਰਾਹੀਂ ਇਨ੍ਹਾਂ ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਈਡਲਵੀਸ ਐਸੇਟਸ ਰੀਕੰਸਟ੍ਰੱਕਸ਼ਨ ਕੰਪਨੀ ਲਿਮ. ਅਧਿਕਾਰਤ ਅਫ਼ਸਰ ਨੇ ਸਕਿਉਰਿਟੀ ਇੰਟਰਸਟ ਇਨਫ਼ੋਰਸਮੈਂਟ ਰੂਲਜ਼ 2002 ਦੇ ਸੈਕਸ਼ਨ 13(4), ਜਿਸ ਨੂੰ ਉਪਰੋਕਤ ਰੂਲਜ਼ ਦੇ ਨਿਯਮ 8 ਨਾਲ ਪੜ੍ਹਿਆ ਜਾਵੇ, ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਜਾਇਦਾਦ ਸਾਹਮਣੇ ਦਰਸਾਈ ਮਿਤੀ ਨੂੰ ਕਬਜ਼ਾ ਲੈ ਲਿਆ ਹੈ।

ਲੜੀ ਨੰ	ਅਸਾਈਨਰ ਦਾ ਨਾਮ	ਟਰੱਸਟ ਦਾ ਨਾਮ	ਲੋਨ ਖਾਤਾ ਨੰ	ਕਰਜ਼ਦਾਰਾਂ ਅਤੇ ਸਹਿ ਕਰਜ਼ਦਾਰਾਂ ਦਾ ਨਾਮ	ਰਕਮ ਅਤੇ ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਕਬਜ਼ੇ ਦੀ ਸਥਿਤੀ
1.	ਪ੍ਰੀਤਮ ਕੈਪੀਟਲ ਐਂਡ ਹਾਊਸਿੰਗ ਫਾਇਨਾਂਸ ਲਿਮ.	ਈਅਰਸੀ ਟਰੱਸਟ ਐਸਸੀ-477	17800003022	ਸ੍ਰੀ ਅਰੁਨ ਕੁਮਾਰ (ਕਰਜ਼ਦਾਰ)	ਰੁ: 24,32,652.02/- (ਚੌਵੀ ਲੱਖ ਬੱਤੀ ਹਜ਼ਾਰ ਛੇ ਸੌ ਬਵੰਜਾ ਰੁਪਏ ਅਤੇ ਦੋ ਪੈਸੇ ਸਿਰਫ਼) 14-07-2023 ਅਤੇ 14-07-2023 ਨੂੰ	19-10-2023	ਸੰਕੇਤਕ ਕਬਜ਼ਾ
ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ/ਮਕਾਨ ਸਥਿਤ ਆਦਰਸ਼ ਨਗਰ/ਆਦਰਸ਼ ਕਲੋਨੀ ਬੀ, ਨੇੜੇ ਸਿਗਲੀਗਰ ਬਸਤੀ ਅਬਲੋਵਾਲ, ਤਹਿਸੀਲ ਤੇ ਜ਼ਿਲਾ ਪਟਿਆਲਾ, ਪੰਜਾਬ ਜਮਾਂਬੰਦੀ ਸਾਲ 2004-2005 ਅਨੁਸਾਰ, ਜਿਸਦਾ ਖੇਵਟ/ਖਤੌਨੀ ਨੰ 726/1971, ਖਸਰਾ ਨੰ 1421/568 (0-0), 1443/569(1-0), ਕੁੱਲ ਏਰੀਆ 1 ਬਿੱਘਾ ਜੋ ਕਿ 1/20 ਹਿੱਸਾ, ਏਰੀ,ਆ ਮਿਣਤੀ 0-1 ਬਿਸਵਾ ਭਾਵ 50 ਵ. ਗਜ ਅਤੇ ਹੱਦਾਂ : ਪੂਰਬ ਵੱਲ : ਮੋਬਾਈਲ ਟਾਵਰ ਸਾਈਡ 30'0", ਉਤਰ ਵੱਲ : ਰਸਤਾ 10' ਸਾਈਡ 15', ਪੱਛਮ ਵੱਲ : ਪ੍ਰਿਥੀ ਸਿੰਘ ਦਾ ਪਲਾਟ ਸਾਈਡ 30', ਦੱਖਣ ਵੱਲ: ਖਾਲੀ ਪਲਾਟ ਸਾਈਡ 15'							
2.	ਪ੍ਰੀਤਮ ਕੈਪੀਟਲ ਐਂਡ ਹਾਊਸਿੰਗ ਫਾਇਨਾਂਸ ਲਿਮ.	ਈਅਰਸੀ ਟਰੱਸਟ ਐਸਸੀ-477	1117115	ਭੁਪਿੰਦਰ ਪਾਲ ਮਹਿਰਾ (ਕਰਜ਼ਦਾਰ) ਰਿਸ਼ਵਦੀਪ ਮਹਿਰਾ ਅਤੇ ਪਰਮਜੀਤ ਕੌਰ (ਸਹਿ ਕਰਜ਼ਦਾਰ)	ਰੁ: 17,22,791/- (ਸਤਾਰਾਂ ਲੱਖ ਬਾਈ ਹਜ਼ਾਰ ਸੱਤ ਸੌ ਇਕਾਨਵੇਂ ਰੁਪਏ ਸਿਰਫ਼) 15-10-2023 ਨੂੰ	19-10-2023	ਭੌਤਿਕ ਕਬਜ਼ਾ
ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਗਿਰਵੀ ਜਾਇਦਾਦ/ਮਕਾਨ ਨੰ 65-ਐਫ, ਜਿਸਦਾ ਖੇਵਟ/ਖਾਤਾ ਨੰ 1116/786/1932, ਖਸਰਾ ਨੰ 414(1-13), ਜੋ ਕਿ 4/33 ਹਿੱਸਾ ਏਰੀਆ ਮਿਣਤੀ 0-4 ਬਿਸਵੇ ਜੋ ਕਿ 0-2 ਬਿਸਵਾ ਭਾਵ 200 ਵ. ਗਜ਼, ਸਥਿਤ ਰੈਵਨਿਊ ਲਿਮਟ ਪਿੰਡ ਸਿਓਣਾ, ਡਰੇਨ ਤੋਂ ਬਾਹਰ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਪੰਜਾਬ 147001							

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ। ਖ਼ਾਸ ਤੌਰ 'ਤੇ ਇਨ੍ਹਾਂ ਕਰਜ਼ਦਾਰਾਂ ਨੂੰ ਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਨ੍ਹਾਂ ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਇਸ ਜਾਇਦਾਦ/ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਈਡਲਵੀਸ ਐਸੇਟਸ ਰੀਕੰਸਟ੍ਰਕਸ਼ਨ ਕੰਪਨੀ ਲਿਮ. ਦੀ ਹੇਠਾਂ ਖਾਤਿਆਂ ਸਾਹਮਣੇ ਦਰਸਾਈ ਰਾਸ਼ੀ ਦੀ ਵਿਆਜ ਤੇ ਹੋਰ ਖ਼ਰਚਿਆਂ ਸਮੇਤ ਅਦਾਇਗੀ ਦਾ ਜ਼ਿੰਮੇਵਾਰ ਹੋਵੇਗਾ।

ਸਥਾਨ : ਪੰਜਾਬ
ਮਿਤੀ : 23-10-2023

ਸਹੀ/- (ਅਧਿਕਾਰਤ ਅਫ਼ਸਰ)
ਈਡਲਵੀਸ ਐਸੇਟਸ ਰੀਕੰਸਟ੍ਰੱਕਸ਼ਨ ਕੰਪਨੀ ਲਿਮਟਿਡ

Edelweiss Asset Reconstruction

ਓਮਕਾਰਾ ਅਸੇਟਸ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟੇਡ

OMKARA ASSETS RECONSTRUCTION Pvt. Ltd.

ਰਜਿ. ਦਫ਼ਤਰ: 9, ਐਮ.ਪੀ. ਨਗਰ, 1' ਸਟ੍ਰੀਟ, ਕੋਂਗੂ ਨਗਰ ਐਕਸਟੈਨ., ਤਿਰੁਪੁਰ - 641607. ਫੋਨ: 0421-2221144 ਕਾਰਪੋਰੇਟ ਆਫਿਸ: ਕੋਹਿਨੂਰ ਸਕੁਏਅਰ, 47ਵੀਂ ਮੰਜ਼ਿਲ, ਐਨ.ਸੀ. ਕੇਲਕਰ ਮਾਰਗ, ਆਰ.ਜੀ. ਗਡਕਰੀ ਚੌਕ, ਦਾਦਰ (ਪੱਛਮੀ: 402), ਮੁੰਬਈ 022-26544000

ਅੰਤਿਕਾ (IV-A) ਨਿਯਮ 8(6) ਦਾ ਪ੍ਰਸਤਾਵ ਦੇਖੋ

ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ

ਈ-ਨਿਲਾਮੀ ਦੀ ਮਿਤੀ: 28 ਨਵੰਬਰ 2023

ਸਿਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੇਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰਸਟ ਐਕਟ 2002 ਅਤੇ ਸਿਕਿਉਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਨਿਯਮ 8(6) ਨਾਲ ਪੜ੍ਹੇ ਜਾਂਦੇ ਸੈਕਸ਼ਨ 13(4) ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਇੱਥੇ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ/ਗਾਰੰਟਰ (ਆਂ) / ਗਿਰਵੀਕਾਰਾਂ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਹੇਠਾਂ ਦੱਸੀ ਗਈ ਅਚੱਲ ਸੰਪਤੀ ਸੁਰੱਖਿਅਤ ਸੰਪਤੀ (ਸ) ਸੁਰੱਖਿਅਤ ਕਰਜ਼ਦਾਰ ਨੂੰ ਗਿਰਵੀ/ਚਾਰਜ ਕੀਤੀ ਗਈ ਹੈ, ਜਿਵੇਂ ਕਿ**ਸਿਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੇਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰਸਟ ਐਕਟ 2002** ਜੋ ਕਿ ਕੰਪਨੀ ਐਕਟ, 1956 ਦੇ ਉਪਬੰਧਾਂ ਦੇ ਤਹਿਤ ਸ਼ਾਮਲ ਕੀਤੀ ਗਈ ਇੱਕ ਕੰਪਨੀ ਹੈ, ਅਤੇ ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਨਾਲ **ਸਿਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੇਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰਸਟ ਐਕਟ 2002** (2002 ਦਾ 54) ("ਸਰਫੇਸੀ ਐਕਟ, 2002"); ਕੋਹਿਨੋਰ ਵਰਗ, 47 ਵੀਂ ਫਲੋਰ, ਕਾਂਗੂ ਨਗਰ ਮੰਦਰ, ਕਾਂਗੂ ਨਗਰ ਦੇ ਚੌੜਾਈ, ਕਾਂਗੂ ਨਗਰਪ੍ਰੇਟ ਆਫਸ, ਕਾਂਗੂ ਨਗਰ ਦੀ ਸਥਾਪਨਾ, ਮੁੰਬਈ (ਵੈਸਟ), ਕਾਂਗੂ ਨਗਰ ਦੀ ਸਥਾਪਨਾ, ਮੁੰਬਈ, ਕਾਂਗੂ ਨਗਰ ਦੇ 640 ਟੀ , ਓਮਕਾਰਾ ਫਸ਼-26/2021-22 ਟਰੱਸਟ ਦੇ ਟਰੱਸਟੀ ਵਜੋਂ ਆਪਣੀ ਸਮਰੱਥਾ ਵਿੱਚ ਕੰਮ ਕਰ ਰਿਹਾ ਹੈ।

ਇਸ ਨੇ ਪੂਨਾਵਾਲਾ ਹਾਊਸਿੰਗ ਫਾਈਨਾਂਸ ਲਿਮਿਟਡ, (ਪੀ.ਐਚ.ਐਫ.ਐਲ.) (ਪਹਿਲਾਂ ਮੈਗਮਾ ਵਜੋਂ ਜਾਣਿਆ ਜਾਂਦਾ ਸੀ) ਤੋਂ ਅੰਡਰਲਾਈਂਗ ਪ੍ਰਤੀਭੂਤੀਆਂ ਦੇ ਨਾਲ-ਨਾਲ ਕਰਜ਼ਦਾਰ/ਸਹਿ-ਕਰਜ਼ਦਾਰਾਂ/ਮੌਰਟਗੇਗਰਾਂ ਦੇ ਸਾਰੇ ਬਕਾਇਆ ਦੇ ਸਾਰੇ ਅਧਿਕਾਰ, ਮਿਤੀ 30-09-2021 ਦੇ ਅਸਾਈਨਮੈਂਟ ਐਗਰੀਮੈਂਟ ਦੁਆਰਾ **ਸਿਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੇਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰਸਟ ਐਕਟ** 2002 ਦੇ ਸੈਕਸ਼ਨ 5 ਦੇ ਅਧੀਨ।

ਇਸ ਤੋਂ ਇਲਾਵਾ, ਸੁਰੱਖਿਅਤ ਕਰੈਡਿਟ ਦੇ ਅਧਿਕਾਰਤ ਅਧਿਕਾਰੀ ਦੁਆਰਾ ਸੁਰੱਖਿਅਤ ਸੰਪਤੀ (ਆਂ) ਦਾ ਭੌਤਿਕ ਕਬਜ਼ਾ ਲੈ ਲਿਆ ਗਿਆ ਹੈ ਅਤੇ ਉਕਤ ਸੰਪਤੀ (ਜਾਂ) ਨੂੰ "ਜਿਵੇਂ ਹੈ ਕਿੱਥੇ ਹੈ", "ਜਿਵੇਂ ਹੈ, ਜਿਵੇਂ ਹੈ", ਅਤੇ "ਜੋ ਵੀ ਹੈ" 'ਤੇ ਵੇਚਿਆ ਜਾਵੇਗਾ। ਹੇਠਾਂ ਦਿੱਤੇ ਕਰਜ਼ਦਾਰ/ਗਾਰੰਟਰ/ਗਾਰੰਟਰ/ਮੌਰਟਗੇਗਰਾਂ ਤੋਂ ਸੁਰੱਖਿਅਤ ਲੈਣਦਾਰ ਦੇ ਕਾਰਨ ਹੇਠਾਂ ਦਿੱਤੇ ਬਕਾਏ ਦੀ ਰਿਕਵਰੀ ਲਈ, ਹੇਠਾਂ ਦਿੱਤੀ ਮਿਤੀ 'ਤੇ ਆਧਾਰਿਤ ਹੈ। ਰਿਜ਼ਰਵ ਕੀਮਤ, ਅਰਨੈਸਟ ਮਨੀ ਡਿਪਾਜ਼ਿਟ (ਈਐਮਡੀ) ਅਤੇ ਹੋਰ ਵੇਰਵਿਆਂ ਦਾ ਹੇਠਾਂ ਜ਼ਿਕਰ ਕੀਤਾ ਗਿਆ ਹੈ:

ਕਰਜ਼ਦਾਰ ਤੇ ਸਹਿ ਕਰਜ਼ਦਾਰ ਦਾ ਨਾਮ	ਅਚੱਲ ਜਾਇਦਾਦ ਦਾ ਵੇਰਵਾ	ਰੁਪਏ ਵਿੱਚ ਬਕਾਇਆ ਬਕਾਇਆ	ਨੋਟਿਸ ਦੀ ਮੰਗ ਦੀ ਮਿਤੀ	ਕਬਜ਼ੇ ਦੀ ਮਿਤੀ	ਰਿਜ਼ਰਵ ਕੀਮਤ (ਰੁਪਏ)	ਈਐਮਡੀ (ਰੁਪਏ)	ਪੜਤਾਲ ਦੀ ਮਿਤੀ ਤੇ ਸਮਾਂ
1. ਅਜੇ ਕੁਮਾਰ (ਕਰਜ਼ਦਾਰ) 2. ਪਿੰਕੂ ਦੇਵੀ (ਸਹਿ-ਕਰਜ਼ਦਾਰ)	ਖਸਰਾ ਵਿਖੇ ਮਕਾਨ ਨੰ. 4/23/1/2, 24/2, 6/3/2/1, 4/1/1, 85/6, ਖ 685, ਖਤੌਣ ਨੰ. 600 ਫਰਦ 2005/6 ਹਦਬਸਤ ਨੰ. 80, ਪਿੰਡ ਕਾਕੋਵਾਲ ਵਿਖੇ ਸ. ਲੁਧਿਆਣਾ-141001. (ਅਦਮ-360 ਵਰਗ ਫੁੱਟ)	31-05-2021 ਤੱਕ 4,43,124/- (ਰੁਪਏ ਚਾਰ ਲੱਖ ਤਿਤਾਲੀ ਹਜ਼ਾਰ ਇੱਕ ਸੌ ਚੌਵੀ- ਸਿਰਫ਼)	31.05.2021 By MHFL	27.09.2023	4,50,000	45,000	23.11.2023 11 am to 2 pm
1. ਮਨੂ ਜੌਨ (ਕਰਜ਼ਦਾਰ) 2. ਲਿਲੀ ਜੌਨ (ਸਹਿ-ਕਰਜ਼ਦਾਰ)	ਘਰ ਖਟਾ ਨੰ. 250/268, 251/269, 252/270, ਜਿਸ ਤਹਿਤ ਖਸਰਾ ਨੰ. 159, 160, 161, ਪਿੰਡ ਮੁੰਡੀਆਂ ਕਲਾਂ, ਮੁਹੱਲਾ ਰਾਮ ਨਗਰ, ਤਹਿਸੀਲ ਅਤੇ ਜ਼ਿਲ੍ਹਾ ਵਿਖੇ ਸਥਿਤ ਹੈ। ਲੁਧਿਆਣਾ, (ਪ੍ਰਬੰਧਕ 900 ਵਰਗ ਫੁੱਟ)	31-07-2021 ਤੱਕ 13,25,573 (ਰੁਪਏ-ਤੇਰ੍ਹਾਂ ਲੱਖ ਪੱਚੀ ਹਜ਼ਾਰ ਪੰਜ ਸੌ ਤਿਹੱਤਰ ਸਿਰਫ਼)	17.01.2022 By OARPL	27.09.2023	9,06,000	90,600	23.11.2023 2 pm to 5 pm

1. ਵਾਧਾ ਮੁੱਲ - 10,000
2. ਈਐਮਡੀ ਦੇ ਭੁਗਤਾਨ ਅਤੇ ਬੋਲੀ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ: 24-11-2023 ਸ਼ਾਮ 6:00 ਵਜੇ ਤੱਕ
3. ਨਿਲਾਮੀ ਦੀ ਮਿਤੀ ਅਤੇ ਸਮਾਂ: 28-11-2023 ਸਮਾਂ: 03:00 ਸ਼ਾਮ - 05:00 ਵਜੇ

1. ਇੱਛਤ ਬੋਲੀਕਾਰ ਜਿਨ੍ਹਾਂ ਨੇ ਈਐਮਡੀ ਜਮ੍ਹਾ ਕਰਾਇਆ ਹੈ ਅਤੇ ਲੌਗਇਨ ਆਈਡੀ ਅਤੇ ਪਾਸਵਰਡ ਬਣਾਉਣ, ਡੇਟਾ ਅਪਲੋਡ ਕਰਨ, ਬੋਲੀ ਜਮ੍ਹਾਂ ਕਰਾਉਣ, ਈ-ਬਿਡਿੰਗ ਪ੍ਰਕਿਰਿਆ ਦੀ ਸਿਖਲਾਈ ਆਦਿ ਵਿੱਚ ਸਹਾਇਤਾ ਦੀ ਲੋੜ ਹੈ, ਉਹ ਈ-ਨਿਲਾਮੀ ਸੇਵਾ ਪ੍ਰਦਾਤਾ ਮੈਸ: ਸੀ1 ਇੰਡੀਆ ਪ੍ਰਾ. ਲਿਮ. ਨਾਲ ਸੰਪਰਕ ਕਰ ਸਕਦੇ ਹਨ। ਟੈਲੀਫੋਨ. ਹੈਲਪਲਾਈਨ: +91-7291981124/25/26, ਹੈਲਪਲਾਈਨ ਈ-ਮੇਲ ਆਈਡੀ:support@bankeauctions.com ਜਾਂ ਸ੍ਰ. ਭਾਵਿਕ ਪੰਡਯਾ, ਮੋਬਾਈਲ: 88666 82937 ਈ-ਮੇਲ: bhavik.pandva@clindia.com/ maharashtra@c1india.com
2. ਕਿਸੇ ਵੀ ਜਾਇਦਾਦ ਸੰਬੰਧੀ ਪੁੱਛਗਿੱਛ ਜਾਂ ਜਾਇਦਾਦ ਦੇ ਅਨੁਸੂਚੀ ਦੇ ਨਿਰੀਖਣ ਲਈ, ਦਿਲਚਸਪੀ ਰੱਖਣ ਵਾਲਾ ਵਿਅਕਤੀ ਸਬੰਧਤ ਅਧਿਕਾਰਤ ਅਧਿਕਾਰੀ ਨਾਲ ਸੰਪਰਕ ਕਰ ਸਕਦਾ ਹੈ - ਆਸ਼ੀਸ਼ ਨੰਗੀਆ (ਮੋਬਾਈਲ-8591439558), ਈ-ਮੇਲ: ashish.nangia@omkaraarc.com ਜਾਂ ਦਫ਼ਤਰ ਵਿੱਚ ਉਪਰੋਕਤ ਦੱਸੇ ਗਏ ਪਤੇ 'ਤੇ। ਕੰਮਕਾਜੀ ਦਿਨਾਂ ਦੌਰਾਨ ਘੰਟੇ.

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ http://omkaraarc.com/auction.php ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।

ਇਹ ਨੋਟਿਸ ਸੁਰੱਖਿਆ ਦੇ ਨਿਯਮ 8 (6) ਅਤੇ 9 (1) ਦੇ ਤਹਿਤ ਉਪਰੋਕਤ ਲੋਨ ਖਾਤੇ ਦੇ ਕਰਜ਼ਦਾਰ/ਸਹਿ-ਉਧਾਰ ਲੈਣ ਵਾਲੇ/ਮੌਰਗੇਗਰਾਂ ਲਈ ਤੀਹ ਦਿਨਾਂ (30) ਦਿਨਾਂ ਦਾ ਲਾਜ਼ਮੀ ਨੋਟਿਸ ਵੀ ਹੈ। **ਸਿਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੇਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰਸਟ ਐਕਟ 2002 ਅਤੇ ਸਿਕਿਉਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਨਿਯਮ** ਨੂੰ ਲਾਗੂ ਕਰਨ ਦੇ ਉਪਬੰਧ, ਉਹਨਾਂ ਨੂੰ ਸੰਪਤੀਆਂ ਨੂੰ ਰੀਡੀਮ ਕਰਨ ਦੀ ਸਲਾਹ ਦੇ ਨਾਲ ਉਪਰੋਕਤ ਸੰਦਰਭੀ ਮਿਤੀ ਅਤੇ ਸਮੇਂ 'ਤੇ ਜਨਤਕ ਨਿਲਾਮੀ ਦੁਆਰਾ ਵਿਕਰੀ ਰੱਖਣ ਬਾਰੇ ਸੂਚਿਤ ਕਰਦੇ ਹੋਏ। ਉਹਨਾਂ ਦੁਆਰਾ ਲੋੜੀਂਦੇ, ਲਾਗਤ ਅਤੇ ਖਰਚਿਆਂ ਦੇ ਨਾਲ ਉੱਪਰ ਦੱਸੇ ਅਨੁਸਾਰ ਬਕਾਇਆ ਬਕਾਏ ਦਾ ਭੁਗਤਾਨ ਕਰਕੇ।

ਭੁਗਤਾਨ ਵਿੱਚ ਡਿਫਾਲਟ ਹੋਣ ਦੀ ਸੂਰਤ ਵਿੱਚ, ਸੰਪੱਤੀ ਨੂੰ ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਰ ਦੀ ਮਰਜ਼ੀ ਅਨੁਸਾਰ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਨਿਯਮ, 2002 ਦੇ ਨਿਯਮ 8 (5) ਦੇ ਤਹਿਤ ਨਿਰਧਾਰਤ ਕਿਸੇ ਵੀ ਢੰਗ ਨਾਲ ਵੇਚਿਆ ਜਾਵੇਗਾ।

ਮਿਤੀ: 23 ਅਕਤੂਬਰ 2023
ਸਥਾਨ: ਮੁੰਬਈ

ਸਹੀ/- ਅਧਿਕਾਰਤ ਅਧਿਕਾਰੀ, ਓਮਕਾਰਾ ਅਸੇਟਸ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟੇਡ
(ਓਮਕਾਰਾ ਪੀਐਸ26/2021-22 ਟਰੱਸਟ ਦੇ ਟਰੱਸਟੀ ਵਜੋਂ ਆਪਣੀ ਸਮਰੱਥਾ ਅਨੁਸਾਰ ਕੰਮ ਕਰਨਾ)